ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 02 ਅਗਸਤ ਸ਼ਨੀਵਾਰ 2025

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# "ਕੈਰਾਬ੍ਰਹਮ" ਮੇਲੇ ਵਿਚ ਅਹਿਮ ਭੂਮਿਕਾ ਅਦਾ ਕਰਨ ਵਾਲੀਆਂ ਸ਼ਖ਼ਸ਼ੀਅਤਾਂ ਦਾ ਧੰਨਵਾਦ ਤੇ ਸਨਮਾਨ ਕਰਨ ਲਈ ਸਮਾਗਮ ਦਾ ਆਯੋਜਨ





ਬਰੈਂਪਟਨ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਪੰਜਾਬ ਪੈਵੇਲੀਅਨ ਵੱਲੋਂ ਬੀਤੇ ਦਿਨੀ ਵੱਖ-ਵੱਖਦੇਸ਼ਾਂ ਦੇ ਸੱਭਿਆਚਾਰ ਨੂੰ ਪ੍ਰਮੋਟ ਕਰਨ ਲਈ ਕਰਵਾਏ ਗਏ ਤਿੰਨ ਦਿਨੀਂ "ਕੈਰਾਬ੍ਰਹਮ" ਮੇਲੇ ਵਿੱਚ ਅਹਿਮ ਭੂਮਿਕਾ ਅਦਾ ਕਰਨ ਵਾਲੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕਰਨ ਲਈ ਬਰੈਂਪਟਨ ਦੇ ਲਾਇੰਸ ਕਲੱਬ ਵਿਖੇ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਉਕਤ ਸ਼ਖਸੀਅਤਾਂ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਡਿਨਰ ਦਾ ਵੀ ਪ੍ਰਬੰਧ ਕੀਤਾ ਗਿਆ।



ਜ਼ਿਕਰਯੋਗ ਹੈ ਕਿ "ਕੈਰਾਬ੍ਰਹਮ" ਮੇਲੇ ਦੌਰਾਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ, ਮੇਜਰ ਸਿੰਘ ਨਾਗਰਾ, ਪ੍ਰਿਤਪਾਲ ਸਿੰਘ ਚੱਗੜ, ਹਰਜੀਤ ਸਿੰਘ ਬਾਜਵਾ, ਬਿੰਦਰਾ ਸਾਹਿਬ, ਸਤਪਾਲ ਕੌਰ, ਗੁਰਵਿੰਦਰ ਭਾਟੀਆ, ਹੁਸਨੈਨ ਅਕਬਰ ਅਤੇ ਜਸਵਿੰਦਰ ਸਿੰਘ ਬਿੱਟਾ ਵੱਲੋਂ ਪੰਜਾਬ ਦੀ ਨੁਮਾਇੰਦਗੀ ਕੀਤੀ ਗਈ ਸੀ। ਇਹਨਾਂ ਸ਼ਖਸ਼ੀਅਤਾਂ ਨੂੰ ਅੱਜ ਦੇ ਧੰਨਵਾਦੀ ਸਮਾਗਮ ਦੌਰਾਨ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।





ਬਾਬਾ ਗਰੁੱਪ ਦੇ ਹੁਸਨੈਨ ਅਕਬਰ ਵੱਲੋਂ ਪੰਜਾਬੀ ਮਾਂ ਬੋਲੀ ਗੀਤ ਸੁਣਾ ਕੇ ਸਾਰਿਆਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ ਗਿਆ। ਹਾਲਾਂਕਿ ਇਸ ਸਮਾਗਮ ਵਿੱਚ ਮੌਜੂਦ ਫਿਲਪੀਨਜ਼, ਨੀਦਰਲੈਂਡ, ਕੈਨੇਡੀਅਨ ਅਤੇ ਨੇਪਾਲ ਦੇ ਨੁਮਾਇੰਦੇ ਜਿਨਾਂ ਨੂੰ ਪੰਜਾਬੀ ਸਮਝ ਨਹੀਂ ਆਉਂਦੀ ਸੀ, ਪਰ ਉਹ ਵੀ ਆਪਣੇ ਆਪ ਨੂੰ ਰੋਕ ਨਹੀਂ ਸਕੇ ਅਤੇ ਹੁਸਨੈਨ ਅਕਬਰ ਵੱਲੋਂ ਸੁਣਾਏ ਗਏ ਗੀਤਾਂ ਤੇ ਭੰਗੜਾ ਪਾਉਂਦੇ ਦਿਖਾਈ ਦਿੱਤੇ। ਹੁਸਨੈਨ ਅਕਬਰ ਵੱਲੋਂ ਸੁਣਾਏ ਗਏ ਗੀਤਾਂ ਦਾ ਸਮਾਗਮ ਵਿੱਚ ਮੌਜੂਦ ਸ਼ਖਸੀਅਤਾਂ ਨੇ ਭਰਪੂਰ ਅਨੰਦ ਮਾਣਿਆ।







ਇਸ ਅਵਸਰ ਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਦੇਸ਼ ਅਤੇ ਵਿਦੇਸ਼ ਵਿੱਚ ਪੰਜਾਬੀ ਮਾਂ ਬੋਲੀ ਦੀ ਕੀਤੀ ਜਾ ਰਹੀ ਸੇਵਾ ਸਬੰਧੀ ਜਾਣਕਾਰੀ ਵੀ ਦਿੱਤੀ ਗਈ। ਇਸ ਦੇ ਨਾਲ ਹੀ ਉਹਨਾਂ ਨੇ "ਕੈਰਾਬ੍ਰਹਮ" ਮੇਲੇ ਜ਼ਰੀਏ ਵੱਖ-ਵੱਖ ਦੇਸ਼ਾਂ ਦੇ ਸੱਭਿਆਚਾਰ ਨੂੰ ਇੱਕ ਮੰਚ ਤੇ ਲੈ ਕੇ ਆਉਣ ਦੀ ਭਰਪੂਰ ਸਲਾਘਾ ਵੀ ਕੀਤੀ।




Weight
10 Pond
Price
$5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਉੱਘੇ ਸਿੱਖ ਆਗੂ ਭਾਈ ਮਨਜੀਤ ਸਿੰਘ ਭੋਮਾ ਦਾ ਸਨਮਾਨ




ਵੈਨਕੂਵਰ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਬੀਤੇ ਦਿਨੀਂ ਸਾਬਕਾ ਫੈਡਰੇਸ਼ਨ ਆਗੂ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਾਈ ਮਨਜੀਤ ਸਿੰਘ ਭੋਮਾ ਆਪਣੇ ਕੈਨੇਡਾ ਦੌਰੇ ਦੌਰਾਨ ਵੈਨਕੂਵਰ ਪੁੱਜੇ, ਜਿਥੇ ਉਹ ਖਾਲਸਾ ਦੀਵਾਨ ਸੁਸਾਇਟੀ ਗੁਰੂ ਘਰ ਵਿਖੇ ਨਤਮਸਤਕ ਹੋਏ। ਇਸ ਮੌਕੇ ਖਾਲਸਾ ਦੀਵਾਨ ਸੁਸਾਇਟੀ ਵਲੋਂ ਉਹਨਾਂ ਦਾ ਸਿਰੋਪਾਓ ਸਾਹਿਬ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ. ਭੋਮਾ ਨੇ ਕੈਨੇਡਾ ਦੀ ਧਰਤੀ ਤੇ ਸਭ ਤੋਂ ਪਹਿਲੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਉਹਨਾਂ ਦਾ ਸਨਮਾਨ ਕੀਤੇ ਜਾਣ ਲਈ ਧੰਨਵਾਦ ਕੀਤਾ। ਇਸ ਮੌਕੇ ਉਹਨਾਂ ਹਾਜ਼ਰ ਸੰਗਤ ਨਾਲ ਧਰਮ ਪ੍ਰਚਾਰ ਅਤੇ ਪੰਜਾਬ ਦੀ ਤਰੱਕੀ ਤੇ ਬੇਹਤਰੀ ਲਈ ਐਨ.ਆਰ.ਆਈ ਭਰਾਵਾਂ ਅੱਗੇ ਕੁੱਝ ਸੁਝਾਅ ਵੀ ਰੱਖੇ, ਜਿਹਨਾਂ ਨੂੰ ਸੰਗਤ ਵਲੋਂ ਕਾਫੀ ਸਰਾਹਿਆ ਗਿਆ। ਉਹਨਾਂ ਪੰਜਾਬ ਵਿਚ ਗਰੀਬ ਪਰਿਵਾਰਾਂ ਨੂੰ ਧਰਮ ਪਰਿਵਰਤਨ ਲਈ ਵਰਗਲਾ ਕੇ ਜਾਣ ਤੋਂ ਰੋਕਣ ਲਈ ਗਰੀਬਾਂ ਦੀ ਸਹਾਇਤਾ ਕਰਨ ਅਤੇ ਸਿੱਖ ਧਰਮ ਪ੍ਰਚਾਰਕ ਜਿਹਨਾਂ ਵਿੱਚ ਪਿੰਡਾਂ ਦੇ ਗੁਰੂ ਘਰਾਂ ਵਿੱਚ ਗ੍ਰੰਥੀ ਸਿੰਘਾ ਤੇ ਰਾਗੀ ਢਾਡੀ ਸਿੰਘਾਂ ਦੀ ਵੱਧ ਤੋਂ ਵੱਧ ਆਰਥਿਕ ਸਹਾਇਤਾ ਕੀਤੇ ਜਾਣ ਦੀ ਅਪੀਲ ਕੀਤੀ ।

# ਵਿਸ਼ਵ ਪੰਜਾਬੀ ਸਭਾ ਵੱਲੋਂ ਯੂਨੀਵਰਸਿਟੀ ਕਾਲਜ ਘਨੌਰ ਵਿਖੇ ਬੱਚਿਆਂ ਲਈ ਵਾਟਰ ਕੂਲਰ ਦੀ ਸੇਵਾ ਕੀਤੀ



ਘਨੌਰ,02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਜੀ ਦੀ ਰਹਿਨੁਮਾਈ ਵਿੱਚ ਭਾਰਤ ਇਕਾਈ ਦੇ ਪ੍ਰਧਾਨ ਬਲਬੀਰ ਕੌਰ ਰਾਇਕੋਟੀ ਦੀ ਮੌਜੂਦਗੀ ਵਿੱਚ ਯੂਨੀਵਰਸਿਟੀ ਕਾਲਜ ਘਨੌਰ ਵਿਖੇ ਬੱਚਿਆਂ ਲਈ ਵਾਟਰ ਕੂਲਰ ਲਗਵਾਇਆ ਗਿਆ। ਵਿਸ਼ਵ ਪੰਜਾਬੀ ਸਭਾ ਦੇ ਪਟਿਆਲਾ ਇਕਾਈ ਦੀ ਪ੍ਰਧਾਨ ਅਨੀਤਾ ਪਟਿਆਲਵੀ ਅਤੇ ਜਨਰਲ ਸਕੱਤਰ ਮੰਗਤ ਖ਼ਾਨ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਕਾਲਜ ਦੇ ਪ੍ਰਿੰਸੀਪਲ ਡਾ ਲਖਵੀਰ ਸਿੰਘ ਗਿੱਲ ਸਿੰਘ ਅਤੇ ਡਾ ਜਸਵਿੰਦਰ ਕੌਰ ਤੇ ਸਟਾਫ਼ ਨੇ ਰਸਮੀ ਤੌਰ ਤੇ ਫੁੱਲਾਂ ਦਾ ਗੁਲਦਸਤਾ ਭੇਂਟ ਕਰਦੇ ਹੋਏ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਟੀਮ ਨੂੰ ਜੀ ਆਇਆਂ ਆਖਿਆ। ਇਸ ਮੌਕੇ ਤੇ ਸ੍ਰੀਮਤੀ ਬਲਬੀਰ ਕੌਰ ਰਾਇਕੋਟੀ ਨੇ ਦੱਸਿਆ ਵਿਸ਼ਵ ਪੰਜਾਬੀ ਸਭਾ ਕੈਨੇਡਾਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਜੀ ਦੀ ਰਹਿਨੁਮਾਈ ਵਿੱਚ ਵੱਲੋਂ ਅੰਤਰਰਾਸ਼ਟਰੀ ਪੱਧਰ ਉੱਪਰ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਦੇ ਨਾਲ ਲੋਕ ਭਲਾਈ ਦੇ ਕੰਮ ਜਿਵੇਂ ਮੁਫ਼ਤ ਮੈਡੀਕਲ ਅਤੇ ਅੱਖਾਂ ਦੇ ਕੈਂਪ ਲਗਾਉਣੇ, ਵਾਤਾਵਰਨ ਨੂੰ ਸ਼ੁੱਧ ਕਰਨ ਲਈ ਬੂਟੇ ਲਗਾਉਣੇ, ਸਕੂਲੀ ਬੱਚਿਆਂ ਦੇ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਤੇ ਖੇਡਾਂ ਦੇ ਨਾਲ ਵੱਖ ਵੱਖ ਗਤੀਵਿਧੀਆਂ ਦੇ ਮੁਕਾਬਲੇ ਕਰਵਾਉਣਾ, ਜਰੂਰਤਮੰਦ ਸੰਸਥਾਵਾਂ ਦੀ ਮਦਦ ਕਰਨਾ, ਬਾਲ ਸਾਹਿਤ ਲਈ ਕਾਰਜਸ਼ੀਲ ਹੋਣਾ, ਵਿਸ਼ਵ ਪੱਧਰੀ ਕਾਨਫ਼ਰੰਸਾਂ ਦਾ ਆਯੋਜਨ ਕਰਨਾ ਆਦਿ ਕਾਰਜ ਜਾਰੀ ਹਨ। ਮੈਡਮ ਰਾਇਕੋਟੀ ਅਤੇ ਕਾਲਜ ਦੇ ਪ੍ਰਿੰਸੀਪਲ ਨੇ ਕਿਹਾ ਕਿ ਜਲਦ ਹੀ ਕਾਲਜ ਵਿੱਚ ਰਾਸ਼ਟਰੀ ਪੱਧਰ ਤੇ ਸੈਮੀਨਾਰ ਅਤੇ ਵਿਦਿਆਰਥੀਆਂ ਵੱਲੋਂ ਪੁਸਤਕ ਸੱਭਿਆਚਾਰ ਪ੍ਰਫੁਲਿਤ ਕਰਨ ਲਈ ਸਮਾਗਮ ਕਰਵਾਏ ਜਾਣਗੇ। ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ ਗਿੱਲ ਸਾਹਬ ਅਤੇ ਸਟਾਫ਼ ਮੈਂਬਰਾਂ ਵੱਲੋਂ ਵਿਸ਼ਵ ਪੰਜਾਬੀ ਸਭਾ ਦੀ ਟੀਮ ਦਾ ਸਨਮਾਨ ਕੀਤਾ ਗਿਆ ਅਤੇ ਇਸ ਨੇਕ ਕਾਰਜ ਲਈ ਧੰਨਵਾਦ ਵੀ ਕੀਤਾ ਗਿਆ।ਇਸ ਮੌਕੇ ਤੇ ਸਟਾਫ਼ ਮੈਂਬਰ ਡਾ ਜਸਵਿੰਦਰ ਕੌਰ, ਡਾ ਊਸ਼ਾ ਗੁਪਤਾ, ਡਾ ਰਵਿੰਦਰ ਸਿੰਘ ਰਵੀ, ਡਾ ਅਣੁਜੋਤ ਸਿੰਘ ਸੋਨੀ ਅਤੇ ਹੋਰ ਮੈਂਬਰ ਸਾਹਿਬਾਨ ਹਾਜ਼ਰ ਸਨ।








NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
SHOPPING TROLLEYS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
NOW AVAILABLE
THANK YOU FOR SHOPPING
SHOPPING BASKETS
100 Kennedy Rd S,
Brampton, ON L6W 3E7, Canada
905-230-4800


NEW YEAR WISHES 2025
BRAMPTON CASH & CARRY
Importer | Wholesaler | Retailer
FESTIVITY AND OCCASION
PUNJABI VIRSA DECOR
100 Kennedy Rd S,
Brampton, ON L6W 3E7, Canada
905-230-4800


Village of India
RESTAURANT & SWEETS
SNACKY DELIGHTS
GARMA GARAM JALEBI AND PAKODE
114 Kennedy Rd S,
Brampton, ON
905-450-3333

# ਐਨ.ਆਰ.ਆਈ ਵੀਰ ਪੰਜਾਬ ਵਿੱਚ ਸਿੱਖੀ ਦੀ ਲਹਿਰ ਚਲਾਉਣ ਵਿੱਚ ਮਦਦ ਕਰਨ : ਮਨਜੀਤ ਸਿੰਘ ਭੋਮਾ

ਸਰੀ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਦਿੱਲੀ ਸਿੱਖ ਗੁਰਦੁਆਰਾ ਮੈਨੇਜ਼ਮਿੰਟ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ (ਪੰਜਾਬ) ਦੇ ਚੇਅਰਮੈਨ ਸ.ਮਨਜੀਤ ਸਿੰਘ ਭੋਮਾ ਕੈਨੇਡਾ ਵਿੱਚ ਪ੍ਰੀਵਾਰਕ ਦੌਰੇ ਤੇ ਆਏ ਹੋਏ ਹਨ। ਸ.ਮਨਜੀਤ ਸਿੰਘ ਭੋਮਾ ਦਾ ਪਿਛਕੋੜ ਪੰਥਕ ਸਫਾਂ ਨਾਲ ਜੁੜਿਆ ਰਿਹਾ ਹੈ। ਆਪ 1984 ਦੇ ਦੌਰ ਵਿੱਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪਹਿਲੀ ਕਤਾਰ ਦੇ ਆਗੂ ਰਹੇ ਹਨ। ਉਨਾਂ ਦੱਸਿਆ ਕਿ ' ਉਹ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਫੈਡਰੇਸ਼ਨ ਵਿੱਚ ਰਹਿ ਕੇ ਪੰਥਕ ਸਫਾਂ ਵਿੱਚ ਵੱਡਾ ਯੋਗਦਾਨ ਪਾਉਂਦੇ ਰਹੇ। ਦਰਬਾਰ ਸਾਹਿਬ ਦੇ ਹਮਲੇ ਦੌਰਾਨ ਉਹਨਾ ਦੀ ਗ੍ਰਿਫਤਾਰੀ 6 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚੋ ਹੋਈ ਸੀ। ਉਨਾ ਨੇ ਆਪਣੇਂ ਉੱਤੇ ਹੋਏ ਜ਼ੁਲਮ ਦੀ ਕਹਾਣੀ ਨੂੰ ਬਿਆਨ ਕਰਦਿਆਂ ਦੱਸਿਆ ਕਿ ਬਹੁਤ ਛੋਟੇ ਕਮਰੇ, ਜਿਸ ਵਿੱਚ 20 ਕੁ ਆਦਮੀ ਬਹਿ ਸਕਦੇ ਸਨ ਉਥੇ ਸਾਨੂੰ 100 ਬੰਦਿਆਂ ਨੂੰ ਤਾੜਿਆ ਹੋਇਆ ਸੀ । ਸਾਨੂੰ ਪੀਣ ਨੂੰ ਪਾਣੀ ਵੀ ਨਹੀਂ ਮਿਲਦਾ ਸੀ । ਵਾਸ਼ਰੂਮ ਵੀ ਬਾਹਰ ਨਹੀਂ ਜਾ ਸਕਦੇ ਸੀ ਉਸ ਕਮਰੇ ਵਿੱਚ ਹੀ ਪੀਪਾ ਰੱਖਿਆ ਹੋਇਆ ਸੀ। ਉਨਾਂ ਕਿਹਾ ਕਿ ਖਾਣਾਂ ਖਾਣ ਸਮੇਂ ਕੁੱਤੇ ਛੱਡ ਦਿੱਤੇ ਜਾਂਦੇ ਸਨ ਕਈ ਵਾਰੀ ਕੁੱਤੇ ਰੋਟੀਆਂ ਚੁੱਕ ਲੈ ਜਾਂਦੇ ਸਨ।

ਫੌਜੀ ਸਾਨੂੰ ਭਿੰਡਰਾਂ ਵਾਲੇ ਦੇ ਬੰਦੇ ਕਹਿ ਕੇ ਲੋਹੇ ਦੇ ਸਰੀਆਂ ਨਾਲ ਕੁੱਟਦੇ । ਇੱਕ ਦਿਨ ਅਸੀਂ ਅਰਦਾਸ ਕਰਕੇ ਦੋਹਰਾ ਪੜਿਆਂ 'ਰਾਜ ਕਰੇਗਾ ਖਾਲਸਾ' ਤਾਂ ਫਿਰ ਫੌਜੀਆਂ ਨੇ ਸਾਨੂੰ ਕੁੱਟਿਆ ਕਿ 'ਖਾਲਸਾ ਰਾਜ ਨਹੀਂ ਕਰੇਗਾ' ਹੁਣ 'ਰਾਜ ਡੋਗਰਾ ਕਰੇਗਾ'। ਸਾਡੇ ਕਮਰੇ ਵੱਲ ਫਾਇਰ ਕੀਤੇ ਤੇ 8-10 ਬੰਦੇ ਮਾਰ ਦਿੱਤੇ।

ਇੱਕ ਦਿੱਨ ਰੋਟੀ ਖਾਦੇ ਸਮੇਂ ਇੱਕ ਬੰਦੇ ਨੇ ਰੋਟੀ ਸੜੀ ਹੋਣ ਕਰਕੇ ਪਿਛੇ ਸੁੱਟ ਦਿੱਤੀ, ਫੌਜੀਆਂ ਨੇ ਉਹੀ ਰੋਟੀ ਚੁੱਕਵਾ ਕੇ ਖਾਣ ਲਈ ਮਜ਼ਬੂਰ ਕੀਤਾ। ਉਨਾਂ ਕਿਹਾ ਕਿ ਲੁਧਿਆਣਾ , ਨਾਭਾ, ਜੋਧਪੁਰ, ਅਜ਼ਮੇਰ, ਅੰਮ੍ਰਿਤਸਰ ਆਦਿ ਜੇਲ੍ਹਾਂ ਵਿੱਚ ਰਿਮਾਂਡ ਚਲਦੇ ਰਹੇ। ਜ਼ੁਡੀਸ਼ੀਅਲ ਰਿਮਾਂਡ ਦੌਰਾਨ ਵੀ ਸਾਨੂੰ ਟੌਰਚਰ ਕੀਤਾ ਜਾਂਦਾ। ਇਨਾਂ ਜੇਲਾਂ ਵਿੱਚ ਹੀ ਇੰਟੈਰੋਗੇਸ਼ਨ ਸੈਂਟਰ ਖੋਲੇ ਗਏ ਜਿਥੇ ਸਾਨੂੰ ਭਾਰਤ ਦੀ ਹਰ ਏਜੰਸੀ ਦੇ ਅਫ਼ਸਰ ਸੁਆਲ ਜੁਆਬ ਕਰਦੇ । ਜਦੋ ਕਿ ਕਾਨੂੰਨ ਅਨੁਸਾਰ ਜ਼ੁਡੀਸ਼ੀਅਲ ਰਿਮਾਂਡ ਵਿੱਚ ਇੰਟੈਰੋਗੇਸ਼ਨ ਨਹੀਂ ਹੋ ਸਕਦੀ। ਜਦੋਂ ਵਕੀਲਾਂ ਨੇ ਮੁੱਦਾ ਚੁੱਕਿਆਂ ਤਾਂ ਫਿਰ ਸਾਨੂੰ ਕਈ ਵਾਰੀ ਸੰਗਰੂਰ ਕੋਲ ਲੱਢਾ ਕੋਠੀ ਲਿਜਾ ਕੇ ਵੀ ਤਸੱਦਦ ਕੀਤਾ ਜਾਂਦਾ। 15 ਮਾਰਚ 1985 ਵਿੱਚ ਸਾਨੂੰ ਬੀ.ਐਸ.ਐਫ ਦੇ ਜਹਾਜ਼ ਤੇ ਚੜਾ ਲਿਆ ਸਾਨੂੰ ਬਾਅਦ ਵਿੱਚ ਪਤਾ ਲੱਗਾ ਕਿ ਇਹ ਜੋਧਪੁਰ ਜੇਲ੍ਹ ਹੈ। ਇਥੇ ਪਹਿਲਾ ਹੀ 379 ਸਿੱਖ ਬੰਦ ਸਨ। ਸਿੱਖਾਂ ਕਰਕੇ ਹੀ ਅਜਮੇਰ ਅਤੇ ਜੋਧਪੁਰ ਜੇਲ ਸਪੈਸ਼ਲ ਜੇਲ੍ਹ ਬਣੀਂ ਤੇ ਸਾਡੇ ਕਰਕੇ ਹੀ ਜੇਲ੍ਹ ਵਿੱਚ ਅਦਾਲਤਾਂ ਲੱਗਣ ਲੱਗੀਆ। ਸਾਨੂੰ ਜੇਲ੍ਹ ਅਫਸਰ ਕਹਿੰਦੇ ਸਨ ਕਿ ਤੁਸੀ ਛੋਟੇ ਕੁੱਝਿਆਂ ਵਿੱਚ ਹੀ ਪੰਜਾਬ ਜਾਵੋਗੇ ਭਾਵ ਤੁਹਾਡੇ ਫੁੱਲ ਹੀ ਜਾਣਗੇ, ਜਿਉਂਦੇ ਪੰਜਾਬ ਨਹੀਂ ਜਾ ਸਕਦੇ। ਉਨਾ ਦੱਸਿਆ 1987-88 ਵਿੱਚ ਅਮਰੀਕਾ ਦੇ ਸੈਨੇਟਰਾਂ ਦਾ ਇੱਕ ਵਫਦ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਆਇਆ ਸੀ। ਉਸ ਸਮੇਂ ਮਨਜੀਤ ਸਿੰਘ ਕਲਕੱਤਾ ਸ਼੍ਰੋਮਣੀ ਵਿੱਚ ਸਕੱਤਰ ਸਨ । ਉਨਾ ਨੇ ਸੈਨੇਟਰਾਂ ਨੂੰ ਅਪੀਲ ਕੀਤੀ ਕਿ ਸਾਡੇ 379 ਦੇ ਕਰੀਬ ਸਿੱਖ ਜਿਨਾਂ ਨੂੰ ਦਰਬਾਰ ਸਾਹਿਬ ਚੋਂ ਗ੍ਰਿਫਤਾਰ ਕੀਤਾ ਸੀ, ਕਈ ਸਾਲਾਂ ਤੋਂ ਬਿਨਾਂ ਕਿਸੇ ਟਰਾਇਲ ਦੇ ਜੇਲਾ ਵਿੱਚ ਬੰਦ ਹਨ, ਤਾਂ ਸੈਨੇਟਰਾਂ ਨੇ ਕਿਹਾ ਕਿ ਸਾਡੇ ਨਾਲ ਸਰਕਟ ਹਾਊਸ ਆ ਕੇ ਗੱਲ ਕਰੋ। ਦੂਸਰੇ ਦਿਨ ਮਨਜੀਤ ਕਲਕੱਤਾ ਪੂਰਾ ਕੇਸ ਬਣਾ ਕੇ ਉਨਾਂ ਕੋਲ ਗਏ। ਉਨਾਂ ਸਾਰਾ ਕੇਸ ਦੇਖ ਕੇ ਉਸ ਸਮੇਂ ਰੀਗਨ ਅਮਰੀਕਾ ਦੇ ਰਾਸ਼ਟਰਪਤੀ ਸਨ ਉਨਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਜੇ ਸਾਡੇ ਨਾਲ ਵਪਾਰ ਕਰਨਾ ਹੈ ਤਾਂ ਇਹ ਬੰਦੇ ਛੱਡੋ, ਇਸੇ ਦਬਾਅ ਅਧੀਨ ਹੀ ਸਾਨੂੰ 1989 ਵਿੱਚ ਛੱਡਣਾ ਪਿਆ। ਉਨਾਂ ਕਿਹਾ ਕਿ ਸਮੇਂ ਸਮੇਂ ਸਿੱਖਾਂ ਨੂੰ ਵੱਖ ਵੱਖ ਤਰਾਂ ਦੇ ਖਤਰਿਆਂ ਦਾ ਸਾਹਮਣਾ ਕਰਨਾ ਪਿਆ। ਹੁਣ ਪੰਜਾਬ ਵਿੱਚ ਜਬਰੀ ਧਰਮ ਪ੍ਰੀਵਰਤਨ ਦੀ ਲਹਿਰ ਜੋਰਾਂ ਤੇ ਹੈ। ਗਰੀਬ ਦਲਿਤ ਪ੍ਰੀਵਾਰਾਂ ਨੂੰ ਪੈਸੇ ਦੇ ਲਾਲਚ, ਮੁਫ਼ਤ ਸਿੱਖਿਆ ਅਤੇ ਮੁਫ਼ਤ ਇਲਾਜ ਦਾ ਲਾਲਚ ਦੇ ਕੇ ਈਸਾਈ ਬਣਾਇਆ ਜਾ ਰਿਹਾ ਹੈ। ਅਸੀਂ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 2000 ਦੇ ਕਰੀਬ ਸਿੱਖ ਪ੍ਰੀਵਾਰ ਜੋ ਈਸਾਈ ਬਣ ਗਏ ਸਨ ਉਨਾ ਨੂੰ ਵਾਪਸ ਲਿਆਂਦਾ ਹੈ। ਕ੍ਰਿਸਚੀਅਨ ਆਗੂ ਜੋ ਸਾਡੇ ਭਰਾਵਾਂ ਦੀਆਂ ਆਰਥਿਕ ਮਜਬੂਰੀਆਂ ਦਾ ਫਾਇਦਾ ਚੁੱਕਦੇ ਹਨ ਉਹਨਾਂ ਵੱਲ ਸਾਡੀਆਂ ਸਿੱਖ ਸੰਸਥਾਵਾਂ ਅਤੇ ਜੱਥੇਬੰਦੀਆਂ ਨੂੰ ਧਿਆਨ ਦੇਣ ਦੀ ਲੋੜ ਹੈ ਬਾਹਰ ਵਸਦੇ ਐਨ.ਆਰ.ਆਈ ਭਰਾ ਜਿਨਾਂ ਦਾ ਪੰਜਾਬ ਵਿੱਚ ਕਾਫੀ ਅਸਰ ਰਸੂਖ ਹੈ ਉਹ ਇਹ ਜੁੰਮੇਵਾਰੀ ਸੰਭਾਲਣ ਅਤੇ ਘੱਟੋ ਘੱਟ ਆਪਣੇ ਇਲਾਕੇ ਜਾਂ ਆਪਣੇਂ ਪਿੰਡਾਂ ਵਿੱਚ ਸਿੱਖੀ ਪ੍ਰਚਾਰ ਦੇ ਸਾਧਨ ਪੈਦਾ ਕਰਨ ਉਨਾ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਪਿੰਡਾਂ ਵਿੱਚ ਤਾਂ ਜਾਂਦੇ ਨਹੀਂ ਇਹ ਲੋਕ ਸਿਫਾਰਸ਼ੀ ਭਰਤੀ ਕੀਤੇ ਜਾਂਦੇ ਹਨ। ਮਹੀਨੇ ਬਾਅਦ ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਤੋਂ ਸਾਈਨ ਕਰਵਾ ਕੇ ਅੰਮ੍ਰਿਤਸਰ ਤੋਂ ਭੱਤਾ ਲੈ ਲੈਂਦੇ ਹਨ। ਇਸ ਤਰਾਂ ਸਾਡੇ ਸੰਤ ਬਾਬੇ ਵੀ ਵਿਦੇਸ਼ਾਂ ਵੱਲ ਮਾਇਆ ਇਕੱਠੀ ਕਰਨ ਤੁਰ ਪੈਂਦੇ ਹਨ, ਪਰ ਉਥੇ ਪੰਜਾਬ ਵਿੱਚ ਇਹ ਪ੍ਰਚਾਰ ਨਹੀਂ ਕਰਦੇ। ਜਿਵੇਂ ਸਾਡੇ ਲੀਡਰ ਵੱਡੇ ਵੱਡੇ ਘਰਾਂ ਕੋਠੀਆਂ ਵਿੱਚ ਠਹਿਰਦੇ ਹਨ ਉਸੇ ਤਰਾਂ ਸੰਤ ਬਾਬੇ ਵੀ ਮਹਿਲਾਂ ਵਿੱਚ ਹੀ ਜਾਂਦੇ ਹਨ ਗ਼ਰੀਬਾਂ ਅਤੇ ਦਲਿਤਾਂ ਦੇ ਵਿਹੜੇ ਇਨਾਂ ਨੇ ਛੱਡ ਦਿੱਤੇ ਹਨ,ਜਿਥੇ ਅਸਲ ਵਿੱਚ ਸਿੱਖੀ ਦੀਆਂ ਜੜਾਂ ਹਨ। ਉਨਾਂ ਕਿਹਾ ਪਿੰਡਾਂ ਵਿੱਚ ਪੜ੍ਹੇ ਲਿਖੇ ਗ੍ਰੰਥੀ ਸਿੰਘ ਰੱਖੋ ਜੋ ਬੱਚਿਆਂ ਨੂੰ ਸ਼ਬਦ ਗੁਰੂ ਨਾਲ ਜੋੜਨ ਦਾ ਉਪਰਾਲਾ ਕਰਨ । ਗ੍ਰੰਥੀ ਸਾਹਿਬਾਨ ਦਾ ਸਤਿਕਾਰ ਕਰੋ। ਐਨ.ਆਰ.ਆਈ ਭਰਾ ਪਿੰਡਾਂ ਵਿੱਚ ਹਸਪਤਾਲ, ਕਿਤਾਬਾਂ, ਦਵਾਈਆਂ ਦੇ ਲੰਗਰ ਲਾਉਣ, ਸਿੱਖੀ ਆਪਣੇ ਆਪ ਪ੍ਰਫੁੱਲਤ ਹੋਣੀ ਸ਼ੁਰੂ ਹੋ ਜਾਵੇਗੀ।



# ਡਾ. ਗੁਰਤੇਜ ਸੰਧੂ ਅਮਰੀਕਾ 'ਚ ਵੱਡੇ ਖੋਜੀ ਵਜੋਂ ਉਭਰੇ

ਅੰਮ੍ਰਿਤਸਰ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਡਾ. ਗੁਰਤੇਜ ਸੰਧੂ ਨੇ ਵਿਸ਼ਵ ਪੱਧਰ 'ਤੇ ਤਕਨੀਕੀ ਜਗਤ 'ਚ ਅਪਣਾ ਨਾਂ ਸੁਨਹਿਰੀ ਅੱਖਰਾਂ ਨਾਲ ਲਿਖਵਾ ਲਿਆ ਹੈ। ਉਨ੍ਹਾਂ 1,382 ਅਮਰੀਕੀ ਪੇਟੈਂਟਸ ਨਾਲ ਉਹ ਵਿਸ਼ਵ ਦੇ 7ਵੇਂ ਸੱਭ ਤੋਂ ਵੱਡੇ ਖੋਜੀ ਵਜੋਂ ਉਭਰੇ ਹਨ, ਜਿਸ ਨੇ ਮਹਾਨ ਖੋਜੀ ਥਾਮਸ ਐਡੀਸਨ ਨੂੰ ਵੀ ਪਛਾੜ ਦਿੱਤਾ। ਇਹ ਪ੍ਰਾਪਤੀ ਨਾ ਸਿਰਫ਼ ਜੀ.ਐਨ.ਡੀ.ਯੂ. ਲਈ ਸਗੋਂ ਪੂਰੇ ਭਾਰਤ ਲਈ ਮਾਣ ਵਾਲੀ ਗੱਲ ਹੈ। ਮਾਈਕਰੋਨ ਟੈਕਨਾਲੋਜੀ 'ਚ ਸੀਨੀਅਰ ਫੈਲੋ ਤੇ ਵਾਈਸ ਪ੍ਰੈਜ਼ੀਡੈਂਟ ਵਜੋਂ ਕਾਰਜਸ਼ੀਲ ਡਾ. ਸੰਧੂ ਨੇ ਸੈਮੀਕੰਡਕਟਰ ਤਕਨੀਕ 'ਚ ਕ੍ਰਾਂਤੀਕਾਰੀ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਖੋਜਾਂ, ਜਿਵੇਂ ਕਿ ਐਟੋਮਿਕ ਲੇਅਰ ਡਿਪੋਜ਼ੀਸ਼ਨ, ਆਕਸੀਜਨ-ਮੁਕਤ ਟਾਈਟੇਨੀਅਮ ਕੋਟਿੰਗ ਤੇ ਪਿੱਚ-ਡਬਲਿੰਗ ਤਕਨੀਕਾਂ ਨੇ ਮੂਰਜ਼ ਲਾਅ ਨੂੰ ਜਾਰੀ ਰੱਖਣ 'ਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਨਵੀਨਤਾਵਾਂ ਨੇ ਸਮਾਰਟਫ਼ੋਨ, ਕੈਮਰੇ ਤੇ ਕਲਾਊਡ ਸਟੋਰੇਜ ਵਰਗੇ ਆਧੁਨਕ ਉਪਕਰਣਾਂ ਨੂੰ ਛੋਟਾ, ਤੇਜ਼ ਤੇ ਵਧੇਰੇ ਕੁਸ਼ਲ ਬਣਾਇਆ, ਜਿਸ ਨੇ ਅਰਬਾਂ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਤ ਕੀਤਾ। ਡਾ. ਸੰਧੂ ਦੀ ਯਾਤਰਾ ਜੀ.ਐਨ.ਡੀ.ਯੂ. ਤੋਂ ਸ਼ੁਰੂ ਹੋਈ, ਜਿੱਥੇ ਉਨ੍ਹਾਂ ਨੇ 1980 ਦੇ ਆਸ-ਪਾਸ ਫਿਜ਼ਿਕਸ 'ਚ ਐਮ.ਐਸ.ਸੀ. ਆਨਰਜ਼ ਕੀਤੀ। ਉਹ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਸੰਸਥਾਪਕ ਮੁਖੀ ਪ੍ਰੋ. ਐਸ.ਐਸ. ਸੰਧੂ ਦੇ ਸਪੁੱਤਰ ਹਨ। ਅੰਮ੍ਰਿਤਸਰ 'ਚ ਉਨ੍ਹਾਂ ਦੀ ਸਿਖਿਆ ਨੇ ਉਨ੍ਹਾਂ ਦੇ ਸ਼ਾਨਦਾਰ ਕਰੀਅਰ ਦੀ ਨੀਂਹ ਰੱਖੀ। ਬਾਅਦ 'ਚ ਉਨ੍ਹਾਂ ਨੇ ਆਈ.ਆਈ.ਟੀ. ਦਿੱਲੀ ਤੋਂ ਇਲੈਕਟਰੀਕਲ ਇੰਜੀਨੀਅਰਿੰਗ 'ਚ ਬੀ.ਟੈਕ ਤੇ ਯੂਨੀਵਰਸਿਟੀ ਆਫ਼ ਨਾਰਥ ਕੈਰੋਲੀਨਾ, ਚੈਪਲ ਹਿੱਲ ਤੋਂ ਫਿਜ਼ਿਕਸ 'ਚ ਪੀ.ਐਚ.ਡੀ. ਹਾਸਲ ਕੀਤੀ। ਜੀ.ਐਨ.ਡੀ.ਯੂ. ਦੇ ਵਾਈਸ-ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਨੇ ਡਾ.




ਸੰਧੂ ਦੀਆਂ ਪ੍ਰਾਪਤੀਆਂ ਨੂੰ ਯੂਨੀਵਰਸਿਟੀ ਤੇ ਭਾਰਤ ਲਈ ਅਣਮੁੱਲਾ ਮਾਣ ਦਸਿਆ। ਉਨ੍ਹਾਂ ਕਿਹਾ ਕਿ ਡਾ. ਸੰਧੂ ਦੀ ਸਾਡੇ ਕੈਂਪਸ ਤੋਂ ਵਿਸ਼ਵ ਪੱਧਰ ਤਕ ਦੀ ਯਾਤਰਾ ਸਮਰਪਣ ਤੇ ਬੌਧਿਕ ਜਿਗਿਆਸਾ ਦੀ ਮਿਸਾਲ ਹੈ। ਉਹ ਸਾਡੇ ਵਿਦਿਆਰਥੀਆਂ ਅਤੇ ਫ਼ੈਕਲਟੀ ਲਈ ਪ੍ਰੇਰਣਾ ਸਰੋਤ ਹਨ। ਡੀਨ ਅਕਾਦਮਿਕ ਅਫ਼ੇਅਰਜ਼ ਡਾ. ਪਲਵਿੰਦਰ ਸਿੰਘ ਤੇ ਰਜਿਸਟਰਾਰ ਡਾ. ਕੇ.ਐਸ. ਚਾਹਲ ਨੇ ਵੀ ਡਾ. ਸੰਧੂ ਨੂੰ 'ਸ਼ਰੇਸ਼ਠਤਾ ਦਾ ਪ੍ਰਤੀਕ ਤੇ ਖੋਜੀਆਂ ਲਈ ਰੋਲ ਮਾਡਲ' ਦਸਿਆ। 58 ਸਾਲ ਦੀ ਉਮਰ 'ਚ ਡਾ. ਗੁਰਤੇਜ ਸੰਧੂ ਮਾਈਕਰੋਨ ਟੈਕਨਾਲੋਜੀ 'ਚ ਡਿਜੀਟਲ ਕ੍ਰਾਂਤੀ ਨੂੰ ਅੱਗੇ ਵਧਾ ਰਹੇ ਹਨ। ਜੀ.ਐਨ.ਡੀ.ਯੂ. ਤੇ ਅੰਮ੍ਰਿਤਸਰ ਲਈ ਉਹ ਇੱਕ ਚਮਕਦਾ ਅਧਿਆਏ ਹਨ, ਜੋ ਯੂਨੀਵਰਸਿਟੀ ਦੀ ਨਵੀਨਤਾ ਤੇ ਸ਼ਰੇਸ਼ਠਤਾ ਦੀ ਪਰੰਪਰਾ ਨੂੰ ਮਜ਼ਬੂਤ ਕਰਦੇ ਹਨ।

# ਕੈਨੇਡਾ : ਗ਼ੈਰ -ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਤੇਜ਼

ਕੈਨੇਡਾ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਕੈਨੇਡਾ ਦੇ ਆਵਾਸ ਵਿਭਾਗ ਵੱਲੋਂ ਵੀਜ਼ਾ ਨਿਯਮ ਸਖ਼ਤ ਕੀਤੇ ਜਾਣ ਤੋਂ ਬਾਅਦ ਗੈਰ-ਕਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ (ਡਿਪੋਰਟੇਸ਼ਨ) ਦੀ ਪ੍ਰੀਕਿਰਿਆ ਵਿੱਚ ਤੇਜ਼ੀ ਲਿਆਂਦੀ ਗਈ ਹੈ। ਸਰਕਾਰ ਨੇ ਕੈਨੇਡਿਆਈ ਸਰਹੱਦੀ ਸੁਰੱਖਿਆ ਏਜੰਸੀ (ਸੀਬੀਐਸਏ) ਦੀ ਨਫਰੀ ਵਿੱਚ 17 ਫੀਸਦ ਵਾਧਾ ਕੀਤਾ ਹੈ। ਇਹ ਏਜੰਸੀ ਹੁਣ ਵੱਖ-ਵੱਖ ਕਾਰੋਬਾਰਾਂ 'ਤੇ ਛਾਪੇ ਮਾਰ ਕੇ ਗੈਰ-ਕਾਨੂੰਨੀਪਰਵਾਸੀਆਂ ਦੀ ਪਛਾਣ ਕਰ ਰਹੀ ਹੈ। ਪਿਛਲੇ ਸਾਲ ਵਿਭਾਗ ਨੇ 18,048 ਗੈਰ-ਕਾਨੂੰਨੀਪਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਿਆ ਸੀ। ਇਨ੍ਹਾਂ 'ਚੋਂ 14,683 ਉਹ ਸਨ, ਜਿਨ੍ਹਾਂ ਦੀਆਂ ਅਰਜ਼ੀਆਂ ਸ਼ਰਨਾਰਥੀ ਵਜੋਂ ਰੱਦ ਹੋ ਗਈਆਂ ਸਨ। ਵਿਭਾਗ ਦੇ ਅੰਦਾਜ਼ੇ ਮੁਤਾਬਕ ਸ਼ਰਨਾਰਥੀ ਅਰਜ਼ੀਆਂ ਦੇਣ ਵਾਲਿਆਂ 'ਚੋਂ ਸਿਰਫ਼ 5 ਤੋਂ 10 ਫੀਸਦ ਹੀ ਅਸਲ ਪੀੜਤ ਹੁੰਦੇ ਹਨ, ਜਦਕਿ ਬਾਕੀ 90-95 ਫੀਸਦ ਲੋਕ ਇਸ ਤਰੀਕੇ ਨੂੰ ਪੱਕੇ ਹੋਣ ਦੇ ਸੌਖੇ ਢੰਗ ਵਜੋਂ ਵਰਤਦੇ ਹਨ। ਵਿਭਾਗ ਹੁਣ ਉਨ੍ਹਾਂ ਲੋਕਾਂ ਦੀ ਭਾਲ ਕਰ ਰਿਹਾ ਹੈ, ਜੋ ਕੈਨੇਡਾ ਆਏ ਤਾਂ ਸੈਲਾਨੀ ਵੀਜ਼ੇ 'ਤੇ ਸਨ ਪਰ ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਦੇਸ਼ ਵਿੱਚ ਰਹਿ ਰਹੇ ਹਨ। ਅਜਿਹੇ ਲੋਕਾਂ ਦੀ ਗਿਣਤੀ ਲੱਖਾਂ ਵਿੱਚ ਹੈ। ਸੁਰੱਖਿਆ ਏਜੰਸੀ ਨੇ ਇਸ ਸਾਲ 40,000 ਤੋਂ ਵੱਧ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਣ ਦਾ ਟੀਚਾ ਮਿਥਿਆ ਹੈ। ਸੂਤਰਾਂ ਅਨੁਸਾਰ ਕੈਨੇਡਾ ਦੇ ਪੰਜ ਮੁੱਖ ਕੌਮਾਂਤਰੀ ਹਵਾਈ ਅੱਡਿਆਂ ਤੋਂ ਰੋਜ਼ਾਨਾ ਔਸਤਨ 125 ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਇਸ ਸਖ਼ਤੀ ਦਾ ਅਸਰ ਵਿਦਿਆਰਥੀਆਂ 'ਤੇ ਵੀ ਪਿਆ ਹੈ।




# Heart Attack: ਹਾਰਟ ਅਟੈਕ ਕਾਰਨ ਕਦੋਂ ਜਾ ਸਕਦੀ ਤੁਹਾਡੀ ਜਾਨ ? AI ਪਹਿਲਾਂ ਹੀ ਕਰ ਦੇਵੇਗਾ ਮੌਤ ਦੀ ਭਵਿੱਖਬਾਣੀ



ਨਵੀਂ ਦਿੱਲੀ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਇਹ ਥੋੜ੍ਹਾ ਅਜੀਬ ਲੱਗ ਸਕਦਾ ਹੈ, ਪਰ ਇਹ ਸੱਚ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਏਆਈ ਦੀ ਮਦਦ ਨਾਲ, ਅਸੀਂ ਹੁਣ ਵਧੇਰੇ ਸਹੀ ਅਤੇ ਤੇਜ਼ੀ ਨਾਲ ਭਵਿੱਖਬਾਣੀ ਕਰ ਸਕਦੇ ਹਾਂ ਕਿ ਕਿਸੇ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਹੈ ਜਾਂ ਨਹੀਂ। ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਇੱਕੋ ਸਮੇਂ ਬਹੁਤ ਸਾਰੇ ਡੇਟਾ ਨੂੰ ਦੇਖ ਸਕਦਾ ਹੈ ਅਤੇ ਇਸਦਾ ਵਿਸ਼ਲੇਸ਼ਣ ਕਰ ਸਕਦਾ ਹੈ। ਦਿੱਲੀ ਦੇ ਅਪੋਲੋ ਹਸਪਤਾਲ ਦੇ ਮਸ਼ਹੂਰ ਕਾਰਡੀਓਲੋਜਿਸਟ ਡਾ. ਮੁਕੇਸ਼ ਗੋਇਲ ਦਾ ਕਹਿਣਾ ਹੈ ਕਿ ਏਆਈ ਮਰੀਜ਼ ਦੇ ਡਾਕਟਰੀ ਇਤਿਹਾਸ, ਪਰਿਵਾਰ ਵਿੱਚ ਪਿਛਲੀਆਂ ਬਿਮਾਰੀਆਂ ਅਤੇ ਖ਼ੂਨ ਦੀ ਜਾਂਚ, ਈਸੀਜੀ ਅਤੇ ਸਕੈਨ ਵਰਗੀਆਂ ਜਾਂਚ ਰਿਪੋਰਟਾਂ ਨੂੰ ਧਿਆਨ ਵਿੱਚ ਰੱਖ ਕੇ ਦੱਸ ਸਕਦਾ ਹੈ ਕਿ ਵਿਅਕਤੀ ਨੂੰ ਦਿਲ ਦਾ ਦੌਰਾ ਪੈਣ ਦੀ ਕਿੰਨੀ ਸੰਭਾਵਨਾ ਹੈ। ਇਸ ਤਕਨਾਲੋਜੀ ਦੀ ਮਦਦ ਨਾਲ, ਇਹ ਵੀ ਦੱਸਿਆ ਜਾ ਸਕਦਾ ਹੈ ਕਿ ਮਰੀਜ਼ ਦੀ ਜ਼ਿੰਦਗੀ ਨੂੰ ਕਿੰਨਾ ਖ਼ਤਰਾ ਹੈ। ਡਾ. ਗੋਇਲ ਦੇ ਮੁਤਾਬਿਕ, ਏਆਈ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖਾਂ ਨਾਲੋਂ ਤੇਜ਼ੀ ਨਾਲ ਅਤੇ ਵਧੇਰੇ ਸਹੀ ਢੰਗ ਨਾਲ ਕੰਮ ਕਰਦਾ ਹੈ। ਉਹ ਚੀਜ਼ਾਂ ਜਿਨ੍ਹਾਂ ਨੂੰ ਸਮਝਣ ਵਿੱਚ ਇੱਕ ਤਜਰਬੇਕਾਰ ਡਾਕਟਰ ਨੂੰ ਸਮਾਂ ਲੱਗ ਸਕਦਾ ਹੈ, ਏਆਈ ਕੁਝ ਸਕਿੰਟਾਂ ਵਿੱਚ ਦੱਸ ਦਿੰਦਾ ਹੈ। ਇਹ ਤਕਨੀਕ ਨਾ ਸਿਰਫ਼ ਮਰੀਜ਼ ਦੀ ਬਿਮਾਰੀ ਦਾ ਜਲਦੀ ਪਤਾ ਲਗਾਉਂਦੀ ਹੈ, ਸਗੋਂ ਡਾਕਟਰਾਂ ਨੂੰ ਸਹੀ ਸਮੇਂ 'ਤੇ ਸਹੀ ਫੈਸਲਾ ਲੈਣ ਵਿੱਚ ਵੀ ਮਦਦ ਕਰਦੀ ਹੈ। ਹੁਣ ਬਹੁਤ ਸਾਰੇ ਵੱਡੇ ਹਸਪਤਾਲ ਅਤੇ ਮੈਡੀਕਲ ਸੰਸਥਾਨ AI ਦੀ ਵਰਤੋਂ ਕਰ ਰਹੇ ਹਨ, ਤਾਂ ਜੋ ਮਰੀਜ਼ ਬਿਹਤਰ ਇਲਾਜ ਪ੍ਰਾਪਤ ਕਰ ਸਕਣ। AI ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਬਿਮਾਰੀ ਦੇ ਲੱਛਣਾਂ ਦਾ ਪਹਿਲਾਂ ਤੋਂ ਪਤਾ ਲਗਾ ਲੈਂਦਾ ਹੈ। ਇਸ ਨਾਲ ਡਾਕਟਰਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਮਰੀਜ਼ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਕੀ ਹੋ ਸਕਦਾ ਹੈ। ਡਾ. ਗੋਇਲ ਕਹਿੰਦੇ ਹਨ, 'ਜੇਕਰ ਸਾਨੂੰ ਪਹਿਲਾਂ ਹੀ ਪਤਾ ਲੱਗ ਜਾਵੇ ਕਿ ਮਰੀਜ਼ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਹੈ, ਤਾਂ ਅਸੀਂ ਸਮੇਂ ਸਿਰ ਇਲਾਜ ਸ਼ੁਰੂ ਕਰ ਸਕਦੇ ਹਾਂ। ਇਹ ਨਾ ਸਿਰਫ਼ ਮਰੀਜ਼ ਦੀ ਜਾਨ ਬਚਾ ਸਕਦਾ ਹੈ, ਸਗੋਂ ਉਸਦੀ ਸਿਹਤ ਨੂੰ ਵੀ ਸੁਧਾਰ ਸਕਦਾ ਹੈ।'



AI ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਬਿਮਾਰੀ ਦੇ ਲੱਛਣਾਂ ਦਾ ਪਹਿਲਾਂ ਤੋਂ ਪਤਾ ਲਗਾ ਲੈਂਦਾ ਹੈ। ਇਸ ਨਾਲ ਡਾਕਟਰਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਮਰੀਜ਼ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਕੀ ਹੋ ਸਕਦਾ ਹੈ। ਡਾ. ਗੋਇਲ ਕਹਿੰਦੇ ਹਨ, 'ਜੇਕਰ ਸਾਨੂੰ ਪਹਿਲਾਂ ਹੀ ਪਤਾ ਲੱਗ ਜਾਵੇ ਕਿ ਮਰੀਜ਼ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਹੈ, ਤਾਂ ਅਸੀਂ ਸਮੇਂ ਸਿਰ ਇਲਾਜ ਸ਼ੁਰੂ ਕਰ ਸਕਦੇ ਹਾਂ। ਇਹ ਨਾ ਸਿਰਫ਼ ਮਰੀਜ਼ ਦੀ ਜਾਨ ਬਚਾ ਸਕਦਾ ਹੈ, ਸਗੋਂ ਉਸਦੀ ਸਿਹਤ ਨੂੰ ਵੀ ਸੁਧਾਰ ਸਕਦਾ ਹੈ।'

ਮਾਹਿਰਾਂ ਦਾ ਮੰਨਣਾ ਹੈ ਕਿ AI ਭਵਿੱਖ ਵਿੱਚ ਦਿਲ ਦੀਆਂ ਬਿਮਾਰੀਆਂ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ ਵਿੱਚ ਵੱਡੀ ਭੂਮਿਕਾ ਨਿਭਾਏਗਾ। ਅੱਜ ਕੱਲ੍ਹ ਦਿਲ ਦਾ ਦੌਰਾ ਦੁਨੀਆ ਭਰ ਵਿੱਚ ਮੌਤਾਂ ਦਾ ਇੱਕ ਵੱਡਾ ਕਾਰਨ ਹੈ, ਪਰ ਏਆਈ ਦੀ ਮਦਦ ਨਾਲ, ਜੇਕਰ ਸਾਨੂੰ ਪਹਿਲਾਂ ਤੋਂ ਪਤਾ ਲੱਗ ਜਾਵੇ ਕਿ ਖ਼ਤਰਾ ਕੀ ਹੈ, ਤਾਂ ਇਸਨੂੰ ਰੋਕਣਾ ਆਸਾਨ ਹੋ ਜਾਵੇਗਾ। ਇਹ ਤਕਨਾਲੋਜੀ ਨਾ ਸਿਰਫ਼ ਮਰੀਜ਼ਾਂ ਲਈ ਲਾਭਦਾਇਕ ਹੈ, ਸਗੋਂ ਡਾਕਟਰਾਂ ਅਤੇ ਹਸਪਤਾਲਾਂ ਲਈ ਵੀ ਇੱਕ ਗੇਮ-ਚੇਂਜਰ ਸਾਬਤ ਹੋ ਰਹੀ ਹੈ।

ਡਾ. ਗੋਇਲ ਕਹਿੰਦੇ ਹਨ ਕਿ ਏਆਈ ਦੀ ਵਰਤੋਂ ਅਜੇ ਆਪਣੇ ਸ਼ੁਰੂਆਤੀ ਪੜਾਵਾਂ ਵਿੱਚ ਹੈ, ਪਰ ਆਉਣ ਵਾਲੇ ਸਮੇਂ ਵਿੱਚ ਇਹ ਹੋਰ ਵੀ ਸਮਾਰਟ ਅਤੇ ਵਧੇਰੇ ਸਹੀ ਹੋਵੇਗੀ। ਇਸ ਨਾਲ, ਨਾ ਸਿਰਫ਼ ਦਿਲ ਦੇ ਦੌਰੇ ਦਾ, ਸਗੋਂ ਕਈ ਹੋਰ ਗੰਭੀਰ ਬਿਮਾਰੀਆਂ ਦਾ ਵੀ ਪਹਿਲਾਂ ਤੋਂ ਪਤਾ ਲਗਾਇਆ ਜਾ ਸਕਦਾ ਹੈ।






# ਬੀ.ਸੀ. ਵਿਚ ਨਸ਼ੇ ਦੀ ਓਵਰਡੋਜ਼ ਨਾਲ 292 ਮੌਤਾਂ

ਵੈਨਕੂਵਰ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਕੈਨੇਡਾ ਦੇ ਬੀ.ਸੀ. ਵਿਚ ਨਸ਼ਿਆਂ ਦੀ ਓਵਰਡੋਜ਼ ਨਾਲ 292 ਮੌਤਾਂ ਹੋਣ ਦੀ ਰਿਪੋਰਟ ਹੈ। ਬੀ.ਸੀ. ਕੌਰੋਨਰਜ਼ ਸਰਵਿਸ ਨੇ ਮਈ ਅਤੇ ਜੂਨ ਦੇ ਅੰਕੜੇ ਜਾਰੀ ਕਰਦਿਆਂ ਦੱਸਿਆ ਕਿ ਮਈ ਦੌਰਾਨ 145 ਜਣਿਆਂ ਦੀ ਜਾਨ ਗਈ ਜਦਕਿ ਜੂਨ ਦੌਰਾਨ 147 ਜਣਿਆਂ ਨੇ ਦਮ ਤੋੜਿਆ। ਮੌਜੂਦਾ ਵਰ੍ਹੇ ਦੌਰਾਨ 30 ਸਾਲ ਤੋਂ 59 ਸਾਲ ਦੇ ਉਮਰ ਵਰਗ ਵਿਚ ਹੋਈਆਂ ਮੌਤਾਂ ਵਿਚੋਂ 69 ਫੀ ਸਦੀ ਨਸ਼ਿਆਂ ਦੀ ਓਵਰਡੋਜ਼ ਨਾਲ ਸਬੰਧਤ ਰਹੀਆਂ ਅਤੇ ਜਾਨ ਗਵਾਉਣ ਵਾਲਿਆਂ ਵਿਚੋਂ 78 ਫੀ ਸਦੀ ਪੁਰਸ਼ ਸਨ।

ਅਪ੍ਰੈਲ ਦੌਰਾਨ ਮੌਤਾਂ ਦਾ ਅੰਕੜਾ 165 ਦਰਜ ਕੀਤਾ ਗਿਆ ਜੋ 2025 ਦੇ ਪਹਿਲੇ 6 ਮਹੀਨੇ ਦੌਰਾਨ ਸਭ ਤੋਂ ਵੱਧ ਮੰਨਿਆ ਜਾ ਰਿਹਾ ਹੈ। 2024 ਵਿਚ ਜਨਵਰੀ ਤੋਂ ਅਕਤੂਬਰ ਤੱਕ 1,925 ਜਣਿਆਂ ਨੇ ਓਵਰਡੋਜ਼ ਕਾਰਨ ਜਾਨ ਗਵਾਈ ਅਤੇ ਇਹ ਅੰਕੜਾ 2023 ਦੇ ਮੁਕਾਬਲੇ ਪਹਿਲੇ 10 ਮਹੀਨੇ ਦੇ ਮੁਕਾਬਲੇ 10 ਫੀਸਦੀ ਘੱਟ ਬਣਦਾ ਹੈ। ਬੀ.ਸੀ. ਕੌਰੋਨਰਜ਼ ਸਰਵਿਸ ਵੱਲੋਂ ਭਵਿੱਖ ਵਿਚ ਜਾਨੀ ਨੁਕਸਾਨ ਦੇ ਅੰਕੜੇ ਹੋਰ ਹੇਠਾਂ ਆਉਣ ਦੀ ਉਮੀਦ ਜ਼ਾਹਰ ਕੀਤੀ ਗਈ ਹੈ। ਜਾਨੀ ਨੁਕਸਾਨ ਵਿਚ ਕਮੀ ਆਉਣ ਦੇ ਬਾਵਜੂਦ ਨਸ਼ੀਲੇ ਪਦਾਰਥ ਬੀ.ਸੀ. ਵਿਚ ਗੈਰਕੁਦਰਤੀ ਮੌਤਾਂ ਦਾ




ਸਭ ਤੋਂ ਵੱਡਾ ਕਾਰਨ ਬਣੇ ਹੋਏ ਹਨ। ਸੂਬੇ ਵਿਚ ਹੁੰਦੇ ਕਤਲਾਂ, ਖੁਦਕੁਸ਼ੀਆਂ, ਹਾਦਸਿਆਂ ਅਤੇ ਬਿਮਾਰੀਆਂ ਕਾਰਨ ਮਰਨ ਵਾਲਿਆਂ ਤੋਂ ਜ਼ਿਆਦਾ ਜਾਨੀ ਨੁਕਸਾਨ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋ ਰਿਹਾ ਹੈ।

ਤਕਰੀਬਨ ਹਰ ਉਮਰ ਵਰਗੇ ਦੇ ਲੋਕ ਨਸ਼ਿਆਂ ਦੀ ਮਾਰ ਹੇਠ ਆ ਰਹੇ ਹਨ ਪਰ ਅਣਥੱਕ ਯਤਨਾਂ ਸਦਕਾ ਮੌਤਾਂ ਦੀ ਅੰਕੜਾ ਕਾਫ਼ੀ ਹੱਦ ਤੱਕ ਹੇਠਾਂ ਆਇਆ ਹੈ। ਇਸ ਨੂੰ ਹੋਰ ਹੇਠਾਂ ਲਿਆਉਣ ਲਈ ਹਾਲੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਸਭ ਤੋਂ ਜ਼ਿਆਦਾ ਮੌਤਾਂ ਦਾ ਕਾਰਨ ਫੈਂਟਾਨਿਲ ਰਹੀ ਅਤੇ 87 ਫੀ ਸਦੀ ਤੋਂ ਵੱਧ ਜਾਨਾਂ ਇਸ ਖਤਰਨਾਕ ਨਸ਼ੇ ਕਾਰਨ ਗਈਆਂ। ਬੀ.ਸੀ. ਵਿਚ ਖਿੱਤਿਆਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਵੈਨਕੂਵਰ, ਸਰੀ ਅਤੇ ਗਰੇਟਰ ਵਿਕਟੋਰੀਆਂ ਵਿਚ ਸਭ ਤੋਂ ਵੱਧ ਜਾਨੀ ਨੁਕਸਾਨ ਹੋਇਆ।

# ਕੈਨੇਡਾ : ਚੋਣ ਲੜੀ ਉਮੀਦਵਾਰ ਨੂੰ ਮ੍ਰਿਤਕ ਐਲਾਨਿਆ

ਕੈਨੇਡਾ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਕੈਨੇਡਾ ਦੀ ਇਤਿਹਾਸਕ ਜ਼ਿਮਨੀ ਚੋਣ ਲੜ ਰਹੀ ਇਕ ਮਹਿਲਾ ਉਮੀਦਵਾਰ ਦੀ ਮੌਤ ਹੋਣ ਦੀ ਅਫ਼ਵਾਹ ਨੇ ਭੜਥੂ ਪਾ ਦਿਤਾ। ਕਿਸੇ ਸ਼ਖ਼ਸ ਨੇ ਟਿਕਟੌਕ ਵੀਡੀਓ ਪੋਸਟ ਕਰਦਿਆਂ ਦਾਅਵਾ ਕੀਤਾ ਕਿ ਐਲਸੀ ਕਿਪ ਮਰ ਚੁੱਕੀ ਹੈ ਅਤੇ ਆਨਲਾਈਨ ਸ਼ਰਧਾਂਜਲੀਆਂ ਦਿਤੇ ਜਾਣ ਦਾ ਸਬੂਤ ਵੀ ਪੇਸ਼ ਕੀਤਾ ਗਿਆ ਪਰ ਅਸਲ ਵਿਚ ਮਰਨ ਵਾਲੀ ਔਰਤ ਕੋਈ ਹੋਰ ਸੀ ਅਤੇ ਨਾਂ ਮਿਲਦੇ ਜੁਲਦੇ ਹੋਣ ਕਰ ਕੇ ਭੰਬਲਭੂਸਾ ਪੈਦਾ ਹੋ ਗਿਆ। ਐਲਸੀ ਕਿਪ ਨੇ ਦੱਸਿਆ ਕਿ ਬਤੌਰ ਉਮੀਦਵਾਰ ਕੈਮਰੇ ਅੱਗੇ ਸਹੁੰ ਚੁੱਕਣਾ ਅਤੇ ਸ਼ਨਾਖਤ ਦੇ ਸਬੂਤ ਪੇਸ਼ ਕਰਨੇ ਚੋਣ ਪ੍ਰਕਿਰਿਆ ਦਾ ਹਿੱਸਾ ਹਨ।

ਉਧਰ ਇਲੈਕਸ਼ਨਜ਼ ਕੈਨੇਡਾ ਨੇ ਕਿਹਾ ਕਿ ਬੈਲਟ ਪੇਪਰ ਵਿਚ ਸ਼ਾਮਲ ਸਾਰੇ ਉਮੀਦਵਾਰ ਕਾਨੂੰਨ ਮੁਤਾਬਕ ਸ਼ਰਤਾਂ ਪੂਰੀਆਂ ਕਰਦੇ ਹਨ। ਅਸਲ ਵਿਚ ਐਲਸੀ ਕਿਪ ਬੀ.ਸੀ. ਦੇ ਹੋਪ ਕਸਬੇ ਵਿਚ ਰਹਿੰਦੀ ਹੈ ਪਰ ਉਸ ਨੇ ਐਲਬਰਟਾ ਦੀ ਜ਼ਿਮਨੀ ਚੋਣ ਲੜਨ ਦਾ ਫੈਸਲਾ ਲਿਆ। ਕਿਪ ਨੇ ਦੱਸਿਆ ਕਿ ਕਈ ਜਾਣਕਾਰਾਂ ਨੇ ਉਸ ਨੂੰ ਸਵਾਲ ਕੀਤਾ ਕਿ ਉਹ ਐਲਬਰਟਾ ਦੀ ਚੋਣ ਕਿਉਂ ਲੜ ਰਹੀ ਹੈ ਜਦਕਿ ਸੂਬੇ ਵਿਚ ਉਸ ਦੀ ਰਿਹਾਇਸ਼ ਮੌਜੂਦ ਨਹੀਂ।

# ਮੁੱਖ ਮੰਤਰੀ ਵੱਲੋਂ 'ਦਿੱਲੀ ਕੋ ਕੂੜੇ ਸੇ ਆਜ਼ਾਦੀ' ਮੁਹਿੰਮ ਸ਼ੁਰੂ

ਨਵੀਂ ਦਿੱਲੀ, 02 ਅਗਸਤ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼ੁੱਕਰਵਾਰ ਨੂੰ ਦਿੱਲੀ ਸਰਕਾਰ ਦੀ ਪੂਰਾ ਮਹੀਨਾ ਚੱਲਣ ਵਾਲੀ ਸਫਾਈ ਮੁਹਿੰਮ 'ਦਿੱਲੀ ਕੋ ਕੂੜੇ ਸੇ ਆਜ਼ਾਦੀ' ਦੀ ਸ਼ੁਰੂਆਤ ਕਰਨ ਲਈ ਖੁਦ ਝਾੜੂ ਚੁੱਕ ਦੇ ਸਫਾਈ ਕੀਤੀ। ਮੁਹਿੰਮ ਦੀ ਸ਼ੁਰੂਆਤ ਵੇਲੇ ਉਨ੍ਹਾਂ ਨੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦਾ ਦੌਰਾ ਕੀਤਾ। ਉਨ੍ਹਾਂ ਨੇ ਕਸ਼ਮੀਰੀ ਗੇਟ ਇਲਾਕੇ 'ਚ ਵਿਭਾਗ ਦੇ ਦਫ਼ਤਰ ਦਾ ਨਿਰੀਖਣ ਕੀਤਾ। ਉਨ੍ਹਾਂ ਕਿਹਾ," ਮੈਂ ਪਹਿਲੀ ਵਾਰ ਇਸ ਦਫਤਰ ਵਿੱਚ ਆਈ ਹਾਂ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਸਾਡੇ ਅਧਿਕਾਰੀ ਅਜਿਹੀਆਂ ਇਮਾਰਤਾਂ ਵਿੱਚ ਕੰਮ ਕਰਦੇ ਹਨ ਜਿੱਥੇ ਪੱਖੇ ਕਿਸੇ ਵੀ ਸਮੇਂ ਡਿੱਗ ਸਕਦੇ ਹਨ ਅਤੇ ਛੱਤ ਵਿੱਚੋਂ ਪਾਣੀ ਰਿਸ ਰਿਹਾ ਹੈ।" ਮੁੱਖ ਮੰਤਰੀ ਨੇ ਦਫ਼ਤਰ ਦੇ ਹਰ ਕੋਨੇ ਦਾ ਦੌਰਾ ਕੀਤਾ, ਈ-ਕੂੜਾ ਸਾਫ਼ ਕੀਤਾ, ਪੁਰਾਣੇ ਪੋਸਟਰ ਅਤੇ ਫਾਈਲਾਂ ਸੁੱਟ ਦਿੱਤੀਆਂ ਅਤੇ ਝਾੜੂ ਨਾਲ ਗੰਦੇ ਖੇਤਰ ਨੂੰ ਸਾਫ਼ ਕੀਤਾ। ਉਨ੍ਹਾਂ ਕਿਹਾ ਕਿ ਸਾਲ 2021 ਵਿੱਚ ਇਸ ਇਮਾਰਤ ਵਿੱਚ ਅੱਗ ਲੱਗ ਗਈ ਸੀ ਪਰ ਉਸ ਤੋਂ ਬਾਅਦ ਇਥੇ ਕੋਈ ਮੁਰੰਮਤ ਨਹੀਂ ਕੀਤੀ ਗਈ।



ਦਿੱਲੀ ਵਿੱਚ ਪਿਛਲੀ 'ਆਪ' ਸਰਕਾਰ 'ਤੇ ਨਿਸ਼ਾਨਾ ਸੇਧਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ (ਕੇਜਰੀਵਾਲ) ਨੇ ਸ਼ੀਸ਼ ਮਹਿਲ ਬਣਾਉਣ 'ਤੇ ਕਰੋੜਾਂ ਰੁਪਏ ਖਰਚ ਕੀਤੇ ਪਰ ਸਰਕਾਰੀ ਦਫਤਰਾਂ ਦੀ ਹਾਲਤ ਨੂੰ ਸੁਧਾਰਨ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਸ ਦਫਤਰ ਦੀ ਹਾਲਤ ਨੂੰ ਦੇਖ ਕੇ ਉਹ ਦੁਖੀ ਹੈ। ਉਨ੍ਹਾਂ ਕਿਹਾ, "ਅੱਜ ਤੋਂ ਹੀ, ਅਸੀਂ ਇੱਕ ਨਵੇਂ ਸਕੱਤਰੇਤ ਲਈ ਪ੍ਰਕਿਰਿਆ ਸ਼ੁਰੂ ਕਰਾਂਗੇ ਜਿੱਥੇ ਸਾਰੇ ਵਿਭਾਗ ਰੱਖੇ ਜਾ ਸਕਦੇ ਹਨ। ਅਸੀਂ ਇੱਕ ਨਵਾਂ ਸਕੱਤਰੇਤ ਬਣਾਉਣ ਲਈ ਇੱਕ ਜਗਹਾ ਦੀ ਪਛਾਣ ਕਰਾਂਗੇ।" ਉਨ੍ਹਾਂ ਕਿਹਾ ਕਿ ਇਹ ਸਾਰੇ ਵਿਭਾਗਾਂ ਵੱਲੋਂ ਆਪਣੇ ਦਫ਼ਤਰਾਂ ਦੀ ਸਫਾਈ ਨਾਲ ਸ਼ੁਰੂ ਹੋਇਆ। ਇੱਥੇ ਪਏ ਈ-ਕੂੜੇ, ਪੁਰਾਣੀਆਂ ਫਾਈਲਾਂ ਅਤੇ ਕਬਾੜ ਨੂੰ ਹਟਾ ਦਿੱਤਾ ਹੈ। ਸਾਨੂੰ ਕੂੜੇ ਨੂੰ ਹਟਾਉਣ ਲਈ ਟੈਂਡਰਾਂ ਨੂੰ ਕੰਟਰੋਲ ਕਰਨ ਵਾਲੇ ਨਿਯਮਾਂ 'ਤੇ ਵੀ ਮੁੜ ਵਿਚਾਰ ਕਰਨ ਦੀ ਲੋੜ ਹੈ। ਇਸੇ ਦੌਰਾਨ ਆਈਟੀਓ ਖੇਤਰ ਵਿੱਚ ਬਿਜਲੀ ਕੰਪਨੀ ਦੇ ਹੈੱਡਕੁਆਰਟਰ ਦੇ ਬਾਹਰ ਉਚ ਅਧਿਕਾਰੀ ਸ਼ਤਰੂ ਜੀਤ ਸਿੰਘ ਵੱਲੋਂ ਅਮਲੇ ਨਾਲ ਸਫ਼ਾਈ ਮੁਹਿੰਮ ਸ਼ੁਰੂ ਕੀਤੀ।

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।


ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ




BRAMPTON
CASH & CARRY
ROYAL GALA APPLE 1LB $0.98
TOMATOES 1LB $0.99
CAULIFLOWER $1.98
WATERMELON MINI $3.98
LYALLPUR PUNJABI GUR 3KG $9.99 Save $2
SOCIAL TEA PREMIUN TEA 2LB $4.98
Y&Y CHOWMEIN NOODLES 12KG $23.98
GOBIND PANEER 1.6 KG $17.79
BEST FOOD PESI GUR 3KG $9.99 Save $2
CHIM'S VEG HAKKA NOODLES 140G $0.79
SAVERA DESI GHEE 1.6 KG $23.98
LYALLPUR ATTA BISCUIT 1.8KG $9.98
PUNJABI SHAKKAR 3KG $9.99 Save $2
AAPKI PASAND ROASTED CHANA 400G $2.98
CHIM'S GREEN CHILLI SAUCE 200G $1.49
AMLA MURABBA 1KG $3.98
JAGGERY POWDER 3 KG $9.99 Save $2
CHING'S HAKA NOODLES 560G $2.49
CHIM'S SCHEZWAN SAUCE 250G $1.49
CHIM'S RED CHILLI SAUCE 200G $1.49
BRAMPTON CASH & CARRY
IMPORTER | WHOLESALER | RETAILER
CONTACT: 905-230-4800
100 KENNEDY ROAD SOUTH BRAMPTON